2025119636

(1)

# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ


ਛੇਵੀਂ ਮੰਜ਼ਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ, ਫੇਜ਼-8,ਐਸ.ਏ.ਐਸ.ਨਗਰ

Email: - directorscert@punjabeducation.gov.inਫੋਨ ਨੰਬਰ:-0172-2212221


ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ:ਸਿ:)

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐਲੀ.ਸਿ:)

ਪੰਜਾਬ।

ਪੱਤਰ ਨੰ : ASFWL/2025/960439 ਮਿਤੀ: 18.08.2025

ਵਿਸ਼ਾ: ਮਿਤੀ 23 ਅਗਸਤ 2025 ਨੂੰ ਪ੍ਰਮੁੱਖ ਪੰਜਾਬੀ ਕਵੀ ਸ੍ਰੀ ਸ਼ਿਵ ਕੁਮਾਰ ਬਟਾਲਵੀ ਜੀ ਦੇ ਜਨਮਦਿਨ ਨੂੰ ਸਮਰਪਿਤ ਰਾਸ਼ਟਰੀ ਕਵਿਤਾ ਮੁਕਾਬਲੇ ਦੇ ਸੰਬੰਧ ਵਿੱਚ।

ਹਵਾਲਾ: ਇਸ ਦਫ਼ਤਰ ਦਾ ਪੱਤਰ ਨੰ ਸਹਾ:ਡਾਇ/2025/ਮਿਤੀ 08.08.2025

1. ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਮਿਤੀ 23 ਜੁਲਾਈ 2025 ਨੂੰ ਪ੍ਰਮੁੱਖ ਪੰਜਾਬੀ ਕਵੀ ਸ੍ਰੀ ਸ਼ਿਵ ਕੁਮਾਰ ਬਟਾਲਵੀ ਜੀ ਦੇ ਜਨਮਦਿਨ ਨੂੰ ਸਮਰਪਿਤ ਰਾਸ਼ਟਰੀ ਕਵਿਤਾ ਮੁਕਾਬਲੇ ਦੇ ਸੰਬੰਧ ਵਿੱਚ ਉਹਨਾਂ ਦੇ ਜਨਮ ਸਥਾਨ ਬਟਾਲਾ ਵਿਖੇ 'ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ', ਪੰਜਾਬ ਵੱਲੋਂ ਕਰਵਾਏ ਮੁਕਾਬਲਿਆਂ ਦਾ ਵਿਸ਼ਾ ਸ੍ਰੀ ਸ਼ਿਵ ਕੁਮਾਰ ਬਟਾਲਵੀ ਜੀ ਦੀ ਕਵਿਤਾ ਸੰਗ੍ਰਹਿ ਨੂੰ ਧਿਆਨ ਵਿੱਚ ਰੱਖ ਕੇ'ਵਾਤਾਵਰਨ ਦੀ ਸੁੰਦਰਤਾ ਅਤੇ ਸੁਹੱਪਣ' ਵਿਸ਼ੇ 'ਤੇ ਜਾਗਰੂਕਤਾ ਪੈਦਾ ਕਰਨਾ ਸੀ।
2. ਇਸ ਮੁਕਾਬਲੇ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀ ਹੇਠ ਲਿਖੀਆਂ ਤਿੰਨ ਸ਼੍ਰੇਣੀਆਂ ਵਿੱਚ ਭਾਗ ਲੈਣਗੇ:
   i. ਪ੍ਰਾਇਮਰੀ ਪੱਧਰ (ਜਮਾਤ1 ਤੋਂ 5)
   ii. ਮਿਡਲ ਪੱਧਰ (ਜਮਾਤ6 ਤੋਂ 8)
   iii. ਸੈਕੰਡਰੀ ਪੱਧਰ (ਜਮਾਤ9 ਤੋਂ 12)
3. ਸੋ ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿਆਪਣੇ ਜ਼ਿਲ੍ਹੇ ਦੇ ਸਕੂਲਾਂ ਦੇ ਵਿਦਿਆਰਥੀਆਂ ਨੂੰਹੇਠ ਲਿਖੇ ਅਨੁਸਾਰ ਇਸ ਮੁਕਾਬਲੇ ਵਿੱਚ ਵੱਧ ਤੋਂ ਵੱਧ ਹਿੱਸੇਦਾਰੀ ਲਈ ਉਤਸ਼ਾਹਿਤ ਕੀਤਾ ਜਾਵੇ।
4. ਇਸ ਮੁਕਾਬਲੇ ਵਿੱਚ ਕਵਿਤਾ ਦਾ ਵਿਸ਼ਾ 'ਵਾਤਾਵਰਨ ਦੀ ਸੁੰਦਰਤਾ ਅਤੇ ਸੁਹੱਪਣ ਹੋਵੇਗਾ।
5. ਮੁਕਾਬਲੇ ਦੀਆਂ ਮਿਤੀਆਂ:

| ਮੁਕਾਬਲੇ ਦਾ ਪੱਧਰ | ਪ੍ਰਾਇਮਰੀ (1-5) | ਮਿਡਲ (6-8) | ਸੈਕੰਡਰੀ (9-12) | ਮੁਕਾਬਲੇ ਦਾ ਢੰਗ |
|---|---|---|---|---|
| ਸਕੂਲ-ਪੱਧਰ | 20 ਅਗਸਤ, 2025 | | | ਆਫ਼ਲਾਈਨ |

| | | | |
|---|---|---|---|
| ਬਲਾਕ-ਪੱਧਰ | 22 ਅਗਸਤ, 2025ਤੋਂ 25 ਅਗਸਤ, 2025 | | |
| ਜ਼ਿਲ੍ਹਾ-ਪੱਧਰ | 28 ਅਗਸਤ, 2025 | | |
| ਸਟੇਟ-ਪੱਧਰ | 3 ਸਤੰਬਰ, 2025 | 4 ਸਤੰਬਰ, 2025 | ਆਨਲਾਈਨ |

6. ਮੁਕਾਬਲੇ ਵਿੱਚ ਇੱਕ ਸਕੂਲ, ਹਰ ਪੱਧਰ ਲਈ ਇੱਕ ਹੀ ਵਿਦਿਆਰਥੀ ਦੀ ਨਾਮਜ਼ਦਗੀ ਕਰੇਗਾ।
7. ਗਤੀਵਿਧੀਆਂ ਦਾ ਮੁਕੰਮਲ ਰਿਕਾਰਡ ਜਿਵੇਂ ਕਿ ਵੀਡਿਓਗਰਾਫੀ,ਫੋਟੋਗਰਾਫੀ,ਨਤੀਜੇ ਆਦਿ ਨੂੰ ਰੱਖਣ ਦੀ ਜ਼ਿੰਮੇਦਾਰੀ ਸਕੂਲ ਮੁੱਖੀ ਦੀ ਹੋਵੇਗੀ।
8. ਬਲਾਕ ਪੱਧਰੀ ਮੁਕਾਬਲੇ ਵਿੱਚ ਹਰੇਕ ਸਕੂਲ ਤੋਂ ਪੱਧਰ ਅਨੁਸਾਰ ਨਾਮਜ਼ਦ ਕੀਤਾ 1-1 ਵਿਦਿਆਰਥੀ ਹੀ ਭਾਗ ਲਵੇਗਾ। ਇਸ ਮੁਕਾਬਲੇ ਵਿੱਚ ਪਹਿਲੇ, ਦੂਜੇ ਤੇ ਤੀਜੇ ਸਥਾਨ ਲਈ ਵਿਦਿਆਰਥੀਆਂ ਦੀ ਚੋਣ ਕੀਤੀ ਜਾਵੇਗੀ। ਜ਼ਿਲ੍ਹਾ-ਪੱਧਰੀ ਮੁਕਾਬਲੇ ਵਿੱਚ ਬਲਾਕ ਵਿੱਚੋਂ ਹਰ ਪੱਧਰ ਲਈ ਪਹਿਲਾ ਸਥਾਨ ਪ੍ਰਾਪਤ ਕਰਨ ਵਾਲਾ ਵਿਦਿਆਰਥੀ ਹੀ ਭਾਗ ਲਵੇਗਾ।
9. ਜ਼ਿਲ੍ਹਾ-ਪੱਧਰੀ ਮੁਕਾਬਲੇ ਵਿੱਚ ਪਹਿਲੇ, ਦੂਜੇ ਤੇ ਤੀਜੇ ਸਥਾਨ ਲਈ ਵਿਦਿਆਰਥੀਆਂ ਦੀ ਚੋਣ ਕੀਤੀ ਜਾਵੇਗੀ। ਸਟੇਟ-ਪੱਧਰੀ ਮੁਕਾਬਲੇ ਵਿੱਚ ਜ਼ਿਲ੍ਹੇ ਵਿੱਚੋਂ ਹਰ ਪੱਧਰ ਲਈ ਪਹਿਲਾ ਸਥਾਨ ਪ੍ਰਾਪਤ ਕਰਨ ਵਾਲਾ ਵਿਦਿਆਰਥੀ ਹੀ ਭਾਗ ਲਵੇਗਾ।
10. ਸਟੇਟ-ਪੱਧਰਮੁਕਾਬਲੇ ਵਿੱਚ ਪਹਿਲੇ, ਦੂਜੇ ਤੇ ਤੀਜੇ ਸਥਾਨ ਲਈ ਵਿਦਿਆਰਥੀਆਂ ਦੀ ਚੋਣ ਕੀਤੀ ਜਾਵੇਗੀ।
11. ਬਲਾਕ-ਪੱਧਰ, ਜ਼ਿਲ੍ਹਾ-ਪੱਧਰ ਅਤੇ ਸਟੇਟ-ਪੱਧਰ 'ਤੇ ਨਿਯੁਕਤ ਜਜਮੈਂਟ ਪੈਨਲ ਦਾ ਫ਼ੈਸਲਾ ਅੰਤਿਮ ਹੋਵੇਗਾ।
12. ਸਟੇਟ-ਪੱਧਰੀ ਮੁਕਾਬਲੇ ਵਿੱਚ ਜੇਤੂ ਵਿਦਿਆਰਥੀਆਂ ਨੂੰ ਹੇਠ ਲਿਖੇ ਅਨੁਸਾਰ ਪੁਰਸਕਾਰ ਦਿੱਤੇ ਜਾਣਗੇ:

| ਇਨਾਮ ਦੀ ਕੈਟਾਗਿਰੀ | ਪ੍ਰਾਇਮਰੀ | ਮਿਡਲ | ਸੈਕੰਡਰੀ |
|---|---|---|---|
| ਪਹਿਲਾ ਇਨਾਮ | 51000 | 51000 | 51000 |
| ਦੂਜਾ ਇਨਾਮ | 31000 | 31000 | 31000 |
| ਤੀਜਾ ਇਨਾਮ | 21000 | 21000 | 21000 |

13. 'ਵਾਤਾਵਰਨ ਦੀ ਸੁੰਦਰਤਾ ਅਤੇ ਸੁਹੱਪਣ'ਕਵਿਤਾ ਉਚਾਰਣ ਮੁਕਾਬਲੇ ਲਈ ਡਿਊਟੀਆਂ:
14. ਸ. ਗੁਰਪ੍ਰੀਤ ਸਿੰਘ ਰੂਪਰਾ, ਸਟੇਟ ਰਿਸੋਰਸ ਪਰਸਨ ਪੰਜਾਬੀ (ਪੰਜਾਬੀ ਅਧਿਆਪਕ, ਸਮਿਸ ਪੱਖੀ ਖੁਰਦ, ਫ਼ਰੀਦਕੋਟ) ਉਕਤ ਮੁਕਾਬਲੇ ਦੇ ਨੋਡਲ ਇੰਚਾਰਜ਼ ਹੋਣਗੇ। ਉਹਨਾਂ ਦੇ ਨਾਲ ਸ੍ਰੀ ਅਜੈ ਖਟਕੜ, ਪੰਜਾਬੀ ਅਧਿਆਪਕ, ਸਸਸਸ ਕਾਹਮਾ, ਸਭਸ ਨਗਰ ਸਹਾਇਕ ਨੋਡਲ ਇੰਚਾਰਜ਼ ਹੋਣਗੇ।

15. ਬਲਾਕ ਪੱਧਰ 'ਤੇ ਜਜਮੈਂਟ ਟੀਮ ਦੀ ਚੋਣ ਬਲਾਕ ਨੋਡਲ ਅਫ਼ਸਰ ਅਤੇ ਜ਼ਿਲ੍ਹਾ ਪੱਧਰ 'ਤੇ ਜਜਮੈਂਟ ਟੀਮ ਦੀ ਚੋਣ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ ਅਤੇ ਐਲੀ.) ਵੱਲੋਂ ਕੀਤੀ ਜਾਵੇਗੀ। ਉਕਤ ਮੁਕਾਬਲਿਆਂ ਲਈ ਜਜਮੈਂਟ ਲਈ ਉਸ ਅਧਿਆਪਕ ਨੂੰ ਹੀ ਚੁਣਿਆ ਜਾਵੇ ਜਿਸ ਨੂੰ ਕਾਵਿਕ ਪਹਿਲੂਆਂ ਦੀ ਜਾਣਕਾਰੀ ਹੋਵੇ।
16. ਬਲਾਕ ਅਤੇ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਲਈ ਕੋਈ ਵੱਖਰੇ ਫੰਡ ਜਾਰੀ ਨਹੀਂ ਕੀਤੇ ਜਾਣਗੇ। ਸੋ ਇਸ ਦੇ ਪ੍ਰਬੰਧ ਬਲਾਕ ਨੋਡਲ ਅਫ਼ਸਰ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ ਅਤੇ ਐਲੀ.) ਆਪਣੇ ਪੱਧਰ 'ਤੇ ਕਰਨਗੇ।
17. ਸਟੇਟ-ਪੱਧਰੀ ਆਨਲਾਈਨ ਮੁਕਾਬਲੇ ਕਰਵਾਉਣ ਲਈ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ/ਐਲੀ.ਸਿ:) ਜ਼ਿਲ੍ਹਾ ਐੱਮ.ਆਈ.ਐੱਸ. ਕੋਆਰਡੀਨੇਟਰ ਨੂੰ ਹਦਾਇਤਾਂ ਜਾਰੀ ਕਰਨਗੇ।
18. ਕਵਿਤਾ-ਉਚਾਰਣ ਮੁਕਾਬਲੇ ਲਈ ਮਾਪਦੰਡ
    - ਕਵਿਤਾ ਉਚਾਰਨ ਦਾ ਸਮਾਂ: 3 ਤੋਂ 5 ਮਿੰਟ
    - ਕਵਿਤਾ ਉਚਾਰਨ ਸਮੇਂ ਕੋਈ ਵੀ ਸਾਜ ਵਰਤਨ ਦੀ ਮਨਾਹੀ ਹੋਵੇਗੀ
    - ਕਵਿਤਾ ਗਾ ਕੇ ਪੇਸ਼ ਕੀਤੀ ਜਾ ਸਕਦੀ ਹੈ ਪਰ ਇਸ ਦਾ ਵਿਦਿਆਰਥੀ ਨੂੰ ਕੋਈ ਵਿਸ਼ੇਸ਼ ਲਾਭ ਨਹੀਂ ਦਿੱਤਾ ਜਾਵੇਗਾ।

| ਕਵਿਤਾ ਦੀ ਚੋਣ | ਮੌਲਿਕ ਰਚਨਾ | ਸ਼ੁੱਧ ਉਚਾਰਨ | ਪੇਸ਼ਕਾਰੀ | ਹਾਵ-ਭਾਵ | ਸਮੁੱਚਾ ਪ੍ਰਭਾਵ |
|---|---|---|---|---|---|
| 3 ਅੰਕ | 2 ਅੰਕ | 5 ਅੰਕ | 5 ਅੰਕ | 5 ਅੰਕ | 5 ਅੰਕ |

19. ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ।

ਕਿਰਨ ਸ਼ਰਮਾ (ਪੀ.ਸੀ.ਐੱਸ)
ਡਾਇਰੈਕਟਰ,
ਐੱਸ.ਸੀ.ਈ.ਆਰ.ਟੀ.,ਪੰਜਾਬ
ਮਿਤੀ:18.08.25

ਪਿੱਠ ਅੰਕਣ ਨੰ: ਉਕਤ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ:

1. ਪੀ.ਏ.ਟੂ ਸੱਕਤਰ ਸਕੂਲ ਸਿੱਖਿਆ,ਪੰਜਾਬ।
2. ਪੀ.ਏ.ਟੂ ਡੀ.ਐਸ.ਈ(ਸੈ:ਸਿ:),ਪੰਜਾਬ।
3. ਪੀ.ਏ.ਟੂ ਡੀ.ਐਸ.ਈ(ਐਲੀ.ਸਿ:),ਪੰਜਾਬ।

(4)

## ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

ਪਿਠ ਅੰਕਣ ਨੰ ਜੀ-1/1 ( )2025/ 1661 ਮਿਤੀ 22/08/25

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ,ਲਿਖਕੇ ਭੇਜਿਆ ਜਾਂਦਾ ਹੈ ਕਿ ਉਕਤ ਪੱਤਰ ਅਨੁਸਾਰ ਦਿੱਤੀਆਂ ਗਈਆਂ ਹਦਾਇਤਾਂ ਅਨੁਸਾਰ ਵਿਦਿਆਰਥੀਆਂ ਦੇ ਸਕੂਲ ਪੱਧਰ ਤੇ ਮੁਕਾਬਲੇ ਕਰਵਾ ਲਏ ਜਾਣ । ਜਿਹੜੇ ਵਿਦਿਆਰਥੀ ਪਹਿਲਾ ਸਥਾਨ-ਹਾਸਿਲ ਕਰਨਗੇ ।ਉਨ੍ਹਾਂ ਵਿਦਿਆਰਥੀਆਂ ਦੇ ਮੁਕਾਬਲੇ ਜਿਲ੍ਹਾ ਪੱਧਰ ਤੇ ਕਰਵਾਏ ਜਾਣਗੇ । ਵਧੇਰੇ ਜਾਣਕਾਰੀ ਲਈ ਤੁਸੀ ਮੈਂਡਮ ਦਰਸ਼ਨ ਕੌਰ ਭਾਈਰੂਪਾ ਨਾਲ ਸੰਪਰਕ **8427315200** ਕਰ ਸਕਦੇ ਹੋ ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।